BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਦੇ ਪਹਿਲੇ ਦੀਵਾਲੀ ਮੇਲੇ ਦਾ ਜਸ਼ਨ ਮਨਾਓ

**ਬ੍ਰੈਂਪਟਨ, ਓਨਟੈਰੀਓ** (13 ਅਕਤੂਬਰ, 2023) – ਸਿਟੀ ਆਫ ਬ੍ਰੈਂਪਟਨ, ਵਸਨੀਕਾਂ ਨੂੰ ਆਪਣੇ ਪਹਿਲੇ ਦੀਵਾਲੀ ਮੇਲੇ (Diwali Mela) ਦੇ ਨਾਲ ਦੀਵਾਲੀ ਮਨਾਉਣ ਦਾ ਸੱਦਾ ਦੇ ਰਹੀ ਹੈ।

ਦੀਵਾਲੀ, ਜੋ ਰੋਸ਼ਨੀਆਂ ਦੇ ਤਿਓਹਾਰ ਵਜੋਂ ਮਸ਼ਹੂਰ ਹੈ, ਪੰਜ-ਦਿਨੀਂ ਜਸ਼ਨ ਹੈ, ਜੋ ਹਨੇਰੇ ਤੇ ਰੋਸ਼ਨੀ ਦੀ ਜਿੱਤ ਦਾ ਪ੍ਰਤੀਕ ਹੈ। ਇਹ ਤਿਓਹਾਰ, ਪੂਰੀ ਦੁਨੀਆ ਵਿੱਚ ਹਿੰਦੂ, ਜੈਨ, ਸਿੱਖ ਅਤੇ ਬੁੱਧ ਲੋਕਾਂ ਵੱਲੋਂ ਮਨਾਇਆ ਜਾਂਦਾ ਹੈ। ਦੀਵਾਲੀ ਦੇ ਮੁਬਾਰਕ ਮੌਕੇ ਤੇ ਲੋਕ ਆਪਣੇ ਘਰਾਂ ਨੂੰ ਦੀਵਿਆਂ ਅਤੇ ਰੰਗੋਲੀ (ਰੰਗ-ਬਿਰੰਗੇ ਚਾਵਲਾਂ, ਰੇਤ ਜਾਂ ਫੁੱਲਾਂ ਦੀਆਂ ਪੱਤੀਆਂ ਨਾਲ ਬਣਿਆ ਆਰਟਵਰਕ) ਨਾਲ ਸਜਾਉਂਦੇ ਹਨ ਅਤੇ ਆਪਣੇ ਪਰਿਵਾਰਾਂ ਅਤੇ ਮਹਿਮਾਨਾਂ ਲਈ ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਦੀ ਕਾਮਨਾ ਕਰਦੇ ਹਨ।

ਦੀਵਾਲੀ ਮਨਾਉਣ ਲਈ, ਸਿਟੀ ਆਪਣੇ ਪਹਿਲੇ ਕਮਿਉਨਿਟੀ ਜਸ਼ਨ ਦਾ ਆਯੋਜਨ ਕਰ ਰਹੀ ਹੈ ਅਤੇ ਹਰ ਵਿਅਕਤੀ ਨੂੰ ਇਕੱਠੇ ਹੋਣ ਲਈ ਸੱਦਾ ਦੇ ਰਹੀ ਹੈ। ਇਸ ਜਸ਼ਨ ਵਿੱਚ ਪਰੰਪਰਾਵਾਂ ਦਾ ਅਨੰਦ ਮਾਣੋ। ਇਸ ਵਿੱਚ ਲੋਕਲ ਅਤੇ ਅੰਤਰਰਾਸ਼ਟਰੀ ਕਲਾਕਾਰਾਂ ਵੱਲੋਂ ਲਾਈਵ ਸੰਗੀਤ ਅਤੇ ਪਰਫੌਰਮੈਂਸਾਂ, ਮੁਫਤ, ਪਰਿਵਾਰ-ਅਨੁਕੂਲਿਤ ਗਤੀਵਿਧੀਆਂ ਹੋਣਗੀਆਂ, ਸੁਆਦੀ ਫੂਡ ਦੇ ਸਟਾੱਲ ਹੋਣਗੇ ਅਤੇ ਜਗਮਗਾਹਟ ਵਾਲਾ 15-ਮਿੰਟਾਂ ਦਾ ਪਟਾਕਿਆਂ ਦਾ ਸ਼ੋਅ ਹੋਵੇਗਾ – ਜੋ ਸਿਟੀ ਵੱਲੋਂ ਸੰਚਾਲਿਤ ਪਟਾਕਿਆਂ ਦਾ ਸਭ ਤੋਂ ਵੱਡਾ ਡਿਸਪਲੇ ਹੈ।

**ਤਾਰੀਖ:** ਐਤਵਾਰ, 12 ਨਵੰਬਰ
**ਸਮਾਂ:** ਸ਼ਾਮ 4 ਵਜੇ ਤੋਂ ਰਾਤ 10 ਵਜੇ ਤੱਕ
**ਸਥਾਨ:** ਸੈਸਕੇਸੈਨਟੈਨੀਅਲ ਪਾਰਕ, 11333 ਬ੍ਰੈਮਲੀ ਰੋਡ, ਬ੍ਰੈਂਪਟਨ, ਓਨਟੈਰੀਓ (Sesquicentennial Park, 11333 Bramalea Road, Brampton, ON)

### ਕਾਰਜਕਰਮ ਲਈ ਆਉਣਾ-ਜਾਣਾ

ਸੜਕਾਂ ਬੰਦ ਹੋਣ ਦੀ ਪੂਰੀ ਸੂਚੀ, ਟ੍ਰਾਂਜ਼ਿਟ ਵਿਕਲਪਾਂ ਅਤੇ ਪਾਰਕਿੰਗ ਸਬੰਧੀ ਵੇਰਵਿਆਂ ਲਈ, www.brampton.ca/diwali ਤੇ ਜਾਓ।

### ਮੁਫਤ ਬ੍ਰੈਂਪਟਨ ਟ੍ਰਾਂਜ਼ਿਟ ਸ਼ਟਲਸ

ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਸ਼ਾਮ ਨੂੰ 4 ਵਜੇ ਤੋਂ ਸ਼ੁਰੂ ਕਰਦੇ ਹੋਏ ਮੁਫਤ ਸ਼ਟਲ ਸੇਵਾ ਪ੍ਰਦਾਨ ਕਰ ਰਹੀ ਹੈ ਅਤੇ ਇਹ ਸਾਡੇ ਚਾਰ ਸ਼ਟਲ ਸਥਾਨਾਂ ਵਿੱਚੋਂ ਇੱਕ ਤੇ, ਹਰੇਕ 30 ਮਿੰਟਾਂ ਵਿੱਚ ਚੱਲੇਗੀ – ਮਾਊਂਟ ਪਲੈਜ਼ੈਂਟ ਗੋ ਸਟੇਸ਼ਨ (Mount Pleasant GO Station), ਸ਼ੈਰੀਡਨ ਕਾਲੇਜ (Sheridan College), ਗੋਰ ਮੇਡੋਜ ਕਮਿਉਨਿਟੀ ਸੈਂਟਰ (Gore Meadows Community Centre) ਅਤੇ ਸੇਵ ਮੈਕਸ ਸਪੋਰਟਸ ਸੈਂਟਰ (Save Max Sports Centre)।

### ਦੀਵਾਲੀ ਦੇ ਦੌਰਾਨ ਬ੍ਰੈਂਪਟਨ ਵਿੱਚ ਪਟਾਕਿਆਂ ਤੋਂ ਸੁਰੱਖਿਆ

ਵਸਨੀਕਾਂ ਦੀ ਸੁਰੱਖਿਆ, ਸਿਟੀ ਦੀ ਸਭ ਤੋਂ ਵੱਡੀ ਤਰਜੀਹ ਹੈ। ਪਟਾਕਿਆਂ ਦੇ ਨਵੇਂ ਬਾਇ-ਲਾਅ ਹੇਠ, ਸਿਟੀ ਵੱਲੋਂ ਸੰਚਾਲਿਤ ਕਾਰਜਕਰਮਾਂ ਨੂੰ ਛੱਡ ਕੇ, ਹੁਣ ਬ੍ਰੈਂਪਟਨ ਵਿੱਚ ਪਟਾਕੇ ਚਲਾਉਣ ਦੀ ਇਜਾਜ਼ਤ ਨਹੀਂ ਹੈ। ਇਸ ਕਾਰਜਕਰਮ ਨਾਲ ਲੋਕ, ਦੀਵਾਲੀ ਮਨਾਉਣ ਅਤੇ ਪਟਾਕਿਆਂ ਦੀ ਖੂਬਸੂਰਤੀ ਦਾ ਅਨੁਭਵ ਲੈ ਸਕਣਗੇ, ਜੋ ਕਾਰਜਕਰਮ ਦਾ ਪ੍ਰਤੀਕ ਹਨ।

ਸਿਟੀ, ਆਪਣੇ ਉਦਾਰ ਪ੍ਰਾਯੋਜਕਾਂ (ਸਪਾਂਸਰਾਂ), ਸੀ.ਏ.ਏ. (CAA) ਅਤੇ ਟਿਮ ਹੋਰਟਨਸ (Tim Hortons) ਦੀ ਹਿਮਾਇਤ ਲਈ, ਉਹਨਾਂ ਦਾ ਧੰਨਵਾਦ ਕਰਦੀ ਹੈ।

ਕਾਰਜਕਰਮ ਦੇ ਪੂਰੇ ਵੇਰਵਿਆਂ ਲਈ, www.brampton.ca/diwali ਤੇ ਜਾਓ।

**ਹਵਾਲੇ**

"ਸਾਡੇ ਪਹਿਲੇ ਕਮਿਉਨਿਟੀ ਦੀਵਾਲੀ ਜਸ਼ਨ ਦਾ ਆਯੋਜਨ ਕਰਨ ਤੇ ਸਾਨੂੰ ਬੇਹੱਦ ਖੁਸ਼ੀ ਹੈ। ਸਾਡੇ ਕਈ ਵਸਨੀਕ ਦੀਵਾਲੀ ਮਨਾਉਂਦੇ ਹਨ ਅਤੇ ਮੈਂ ਕਮਿਉਨਿਟੀ ਵਜੋਂ ਇਕੱਠੇ ਜਸ਼ਨ ਮਨਾਉਣ ਲਈ ਉਤਸ਼ਾਹਿਤ ਹਾਂ। ਵਸਨੀਕਾਂ ਨੂੰ, ਪਟਾਕਿਆਂ ਦੇ ਜਗਮਗਾਹਟ ਵਾਲੇ ਡਿਸਪਲੇ ਸਮੇਤ, ਦੀਵਾਲੀ ਦੀਆਂ ਪਰੰਪਰਾਵਾਂ ਦਾ ਅਨੁਭਵ ਲੈਣ ਲਈ ਜਸ਼ਨ ਵਿੱਚ ਜੁੜਨ ਲਈ ਸੱਦਾ ਦਿੱਤਾ ਜਾਂਦਾ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਮੈਂ ਬੇਹੱਦ ਖੁਸ਼ ਹਾਂ ਕਿ ਸਿਟੀ ਆਫ ਬ੍ਰੈਂਪਟਨ, ਆਪਣਾ ਪਹਿਲਾ ਦੀਵਾਲੀ ਮੇਲਾ ਆਯੋਜਿਤ ਕਰ ਰਹੀ ਹੈ। ਸਾਡੇ ਕਈ ਵਸਨੀਕ ਦੀਵਾਲੀ ਮਨਾਉਂਦੇ ਹਨ ਅਤੇ ਮੈਂ 12 ਨਵੰਬਰ ਨੂੰ ਇੱਕ ਖੁਸ਼ੀਆਂ ਭਰੀ ਸ਼ਾਮ ਵਿੱਚ ਉਹਨਾਂ ਨਾਲ ਜੁੜਨ ਲਈ ਉਤਸ਼ਾਹਿਤ ਹਾਂ। ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਘਰੋਂ ਬਾਹਰ ਨਿੱਕਲੋ ਅਤੇ ਬ੍ਰੈਂਪਟਨ ਵਿੱਚ ਦੀਵਾਲੀ ਦਾ ਜਸ਼ਨ ਮਨਾਓ!"

- *ਹਰਕੀਰਤ ਸਿੰਘ (Harkirat Singh), ਡਿਪਟੀ ਮੇਅਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 90,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca